ਗਉੜੀ ਮਹਲਾ ੫ ॥
Gauree, Fifth Mehl:

ਮੀਤੁ ਕਰੈ ਸੋਈ ਹਮ ਮਾਨਾ ॥
Whatever my Friend does, I accept.

ਮੀਤ ਕੇ ਕਰਤਬ ਕੁਸਲ ਸਮਾਨਾ ॥੧॥
My Friend's actions are pleasing to me. ||1||

ਏਕਾ ਟੇਕ ਮੇਰੈ ਮਨਿ ਚੀਤ ॥
Within my conscious mind, the One Lord is my only Support.

ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ ਰਹਾਉ ॥
One who does this is my Friend. ||1||Pause||

ਮੀਤੁ ਹਮਾਰਾ ਵੇਪਰਵਾਹਾ ॥
My Friend is Carefree.

ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥
By Guru's Grace, I give my love to Him. ||2||

ਮੀਤੁ ਹਮਾਰਾ ਅੰਤਰਜਾਮੀ ॥
My Friend is the Inner-knower, the Searcher of hearts.

ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥
He is the All-powerful Being, the Supreme Lord and Master. ||3||

ਹਮ ਦਾਸੇ ਤੁਮ ਠਾਕੁਰ ਮੇਰੇ ॥
I am Your servant; You are my Lord and Master.

ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥
Nanak: my honor and glory are Yours, God. ||4||40||109||